ਇੱਕ ਸਪੈਸ਼ਲ ਰਿਪੋਰਟ – ਲੇਖਕ: ਡਾ. ਅਸ਼ੋਕ (ਮਨ ਜਿੱਤ ਵੀਕਲੀ ਯੂ.ਕੇ. ਲਈ)



**Dr. A. Kumar**
**Consultant Herbalist & Dietician**
**D.Sc. (HS), U.S.A.**

# ਰੇਪ ਅਤੇ ਸੈਕਸ-ਐਬਯੂਸ, ਇੰਗਲੈਂਡ, ਤੱਰਕੀ-ਯਾਫ਼ਤਾ ਪੱਛਮੀ ਦੇਸ ਅਤੇ ਬਾਕੀ ਸਾਰੀ ਦੁਨੀਆਂ ਵਿੱਚ!

ਪਿਛਲੇ ਮਹੀਨੇ ਭਾਰਤ ਦੀ ਰਾਜਧਾਨੀ ਦਿੱਲੀ 'ਚ ਹੋਏ ਇੱਕ ਰੇਪ ਕੇਸ ਨੇ ਦੁਨੀਆਂ ਨੂੰ ਹਿਲਾ ਕੇ ਰੱਖ ਦਿੱਤਾ। ਬਾਅਦ 'ਚ ਰੇਪ ਹੋਣ ਵਾਲੀ ਉਸ ਬਦਕਿਸਮਤ ਪਰ ਬਹਾਦੁਰ ਕੁੜੀ ਦੀ ਦਰਦਨਾਕ ਮੌਤ ਵੀ ਹੋ ਗਈ। ਇਸ ਸ਼ਰਮਨਾਕ ਕਾਂਡ ਤੋਂ ਬਾਅਦ ਮੈਂ ਇਹ ਸੋਚਿਆ ਕਿ ਭਾਰਤ 'ਚ ਇਸ ਤਰਾਂ ਦੀਆਂ ਘਟਨਾਵਾਂ ਕਿਉਂ ਵਾਪਰਦੀਆਂ ਹਨ। ਪਰ ਜਦ ਮੈਂ ਇਸ ਤਰਫ਼ ਰਿਸਰਚ ਕੀਤੀ ਤੇ ਕੁਝ ਇਹੋ ਜਿਹੀਆਂ ਸੱਚਾਈਆਂ ਸਾਹਮਣੇ ਆਈਆਂ ਜਿਹਨਾਂ ਨੂੰ ਪੜ੍ਹ ਕੇ ਮਨ ਜਿੱਤ ਦੇ ਪਾਠਕ ਹੈਰਾਨ ਹੋ ਉੱਠਣਗੇ। ਦੁਨੀਆਂ ਦੇ ਮੰਨੇ-ਪਰਮੰਨੇ ਪੜ੍ਹੇ ਲਿਖੇ ਤੇ ਤੱਰਕੀ-ਯਾਫ਼ਤਾ ਇੰਗਲੈਂਡ, ਅਮਰੀਕਾ, ਅਤੇ ਆਸਟ੍ਰੇਲੀਆ ਵਰਗੇ ਦੇਸ਼, ਸੈਕਸ ਅਤੇ ਰੇਪ ਦੇ ਜੁਰਮ ਵਿੱਚ ਭਾਰਤ ਅਤੇ ਹੋਰ ਗਰੀਬ ਦੇਸਾਂ ਨਾਲੋਂ ਕਿਤੇ ਜ਼ਿਆਦਾ ਅੱਗੇ ਹਨ, ਆਉ ਇਸ ਸੱਚਾਈ ਉੱਤੇ ਇੱਕ ਝਾਤ ਮਾਰੀਏ।



ਯੁਨਾਈਟੇਡ ਨੇਸ਼ਨਜ਼ ਦੀ 2010 ਦੀ ਇੱਕ 'ਰੇਪ ਸਟੈਟੇਸਟਿਕਸ ਦੀ ਰਿਪੋਰਟ' ਅਨੁਸਾਰ:ਅਮਰੀਕਾ 'ਚ 84767, ਯੂ.ਕੇ 'ਚ 15934 (ਇਸ ਵਿੱਚ ਨਾਰਥ ਅਇਰਲੈਂਡ ਤੇ ਸਕੌਟਲੈਂਡ 'ਚ ਹੋਏ ਰੇਪ ਸ਼ਾਮਿਲ ਨਹੀਂ ਹਨ); ਆਸਟ੍ਰੇਲੀਆ 'ਚ 17762, ਸਾਊਥ ਅਫ਼ਰੀਕਾ 'ਚ 277,712 ਅਤੇ ਭਾਰਤ ਵਿੱਚ 22172 ਰੇਪ ਹੋਏ।

ਅਮਰੀਕਾ ਦੇ 'ਹੈਲਥ ਐਂਡ ਹਯੂਮਨ ਸਰਵਿਸ ਡਿਪਾਰਟਮੈਂਟ' ਦੀ ਇੱਕ ਰਿਪੋਰਟ ਅਨੁਸਾਰ: ਅਮਰੀਕਾ 'ਚ ਸਨ 2008 ਵਿੱਚ 83600 ਬੱਚੇ ਸੈਕਸ-ਐਬਯੂਜ਼ ਦੇ ਸ਼ਿਕਾਰ ਹੋਏ।ਖਾਲੀ 2005 ਵਿੱਚ ਹੀ ਅਮਰੀਕਾ ਭਰ 'ਚ 191,670 ਰੇਪ ਅਤੇ ਸੈਕਸ ਅੱਸਾਲਟ ਦੇ ਕੇਸ ਦਰਜ ਹੋਏ, ਇਹ ਰਿਪੋਰਟ 'ਡਿਪਾਰਟਮੈਂਟ ਆਫ਼ ਸਟੇਟ ਐਂਡ ਜਸਟਿਸ ਆਫ਼ ਅਮੇਰਿਕਾ' ਦੀ ਹੈ।

ਬੀ.ਬੀ.ਸੀ. ਵਨ ਦੀ 12 ਨਵੰਬਰ 2007 ਦੀ ਇੱਕ ਰਿਪੋਰਟ 'ਚ ਦੱਸਿਆ ਗਿਆ ਕਿ 2006 ਵਿੱਚ, ਇੰਗਲੈਂਡ 'ਚ 85000 ਔਰਤਾਂ ਦਾ ਰੇਪ ਹੋਇਆ ਅਤੇ ਸਭ ਤੋਂ ਹੈਰਾਨ ਕਰ ਦੇਨ ਵਾਲੀ ਗੱਲ ਇਹ ਹੈ ਕਿ ਸਿਰਫ਼ 800 ਬੰਦਿਆਂ ਨੂੰ ਹੀ ਥੋੜੀ-ਬਹੁਤ ਸਜ਼ਾ ਹੋਈ।ਯੂ.ਕੇ ਦੀਆਂ ਰਿਪੋਰਟਾਂ ਇਹ ਕਹਿੰਦੀਆਂ ਹਨ ਕਿ ਇੱਥੇ ਹਕੀਕਤ ਇਹ ਹੈ ਕਿ ਕਿਸੇ ਵੀ ਵੇਲੇ 250,000 ਟੀਨਏਜ ਕੁੜੀਆਂ ਕਿਸੇ ਨਾ ਕਿਸੇ ਤਰਾਂ ਸੈਕਸ ਐਬਯੂਜ਼ ਸਹਿੰਦੀਆਂ ਹਨ।

12 ਮਾਰਚ 2012 ਦੇ 'ਇੰਡੀਪੈਂਡੈਂਟ' ਅਖ਼ਬਾਰ ਨੇ ਲਿਖਿਆ ਕਿ ਇੰਗਲੈਂਡ ਵਰਗੇ ਮੁਲਕ 'ਚ ਵੀ ਆਪਣੀ ਇੱਜ਼ਤ ਖ਼ਾਤਿਰ ਰੇਪ ਹੋਈਆਂ ਔਰਤਾਂ ਜਾਂ ਬੱਚੇ ਪੁਲੀਸ 'ਚ ਰਿਪੋਰਟ ਨਹੀਂ ਕਰਦੇ। ਹਰ ਦਸ ਚੋਂ ਇੱਕ ਰੇਪ ਹੋਈ ਔਰਤ ਤੇ 1600 ਔਰਤਾਂ ਨੇ ਆਪਣੇ ਜਵਾਬ 'ਚ ਕਿਹਾ ਕਿ ਉਹਨਾਂ ਨੇ ਪੁਲੀਸ 'ਚ ਰਿਪੋਰਟ ਨਹੀਂ ਲਿਖਵਾਈ। 53% ਔਰਤਾਂ ਨੇ ਕਿਹਾ ਕਿ ਬੇਇਜ਼ਤੀ ਪੱਖੋਂ ਉਹਨਾਂ ਪੁਲੀਸ ਨੂੰ ਕੁਝ ਨਹੀਂ ਦੱਸਿਆ ਤੇ 29% ਨੇ ਤਾਂ ਇੱਥੋਂ ਤੱਕ ਕਿਹਾ ਕਿ ਰੇਪ ਹੋਣ ਤੋਂ ਬਾਅਦ ਇਹ ਗੱਲ ਉਹਨਾਂ ਨੇ ਆਪਣੇ ਪਰੀਵਾਰ ਜਾਂ ਮਿੱਤਰ ਤੱਕ ਨੂੰ ਵੀ ਨਹੀਂ ਦੱਸੀ। ਇਸ ਦਾ ਮਤਲਬ ਇਹ ਹੈ ਕਿ ਲੱਖਾਂ ਰੇਪ ਕੇਸ ਇੰਗਲੈਂਡ ਵਰਗੇ ਦੇਸ਼ 'ਚ ਜੇਕਰ ਰਜਿਸਟਰ ਨਹੀਂ ਹੁੰਦੇ ਤਾਂ ਫਿਰ ਇਹ ਕਹਿਣਾ ਵੀ ਗ਼ਲਤ ਹੋਵੇਗਾ ਕਿ ਭਾਰਤ 'ਚ ਕੇਸ ਘੱਟ ਰਜਿਸਟਰ ਹੁੰਦੇ ਹਨ। ਉੱਥੇ ਵੀ ਔਰਤਾਂ ਇੱਜ਼ਤ ਖ਼ਾਤਿਰ ਕੇਸ ਦਰਜ ਨਹੀਂ ਕਰਵਾਉਂਦੀਆਂ ਹੋਣੀਆਂ। ਇਹੋ ਹਾਲ ਸਾਰੀ ਦੁਨੀਆਂ 'ਚ ਹੈ।

'ਟੈਲੀਗ੍ਰਾਫ਼' ਅਖ਼ਬਾਰ ਦੀ 8 ਸਿਤੰਬਰ 2011 ਦੀ ਇੱਕ ਰਿਪੋਰਟ ਅਨੁਸਾਰ, ਸਕਾਟਲੈਂਡ 'ਚ ਹੀ 997 ਰੇਪ ਕੇਸ ਦਰਜ ਹੋਏ ਜਦ ਕਿ ਇਸ ਖਿੱਤੇ ਦੀ ਆਬਾਦੀ ਸਿਰਫ਼ 50 ਲੱਖ ਦੇ ਕਰੀਬ ਹੀ ਹੈ। ਪਰ ਸਬ ਤੋਂ ਹੈਰਾਨ ਕਰ ਦੇਨ ਵਾਲੀ ਗੱਲ ਇਹ ਹੈ ਕਿ ਸਕਾਟਲੈਂਡ ਸਰਕਾਰ ਨੇ ਹਜਾਂਰਾਂ ਬੜੇ ਹੀ ਖ਼ਤਰਨਾਕ ਕਾਤੀਲਾਂ ਤੇ ਰੇਪੀਸਟਾਂ ਨੂੰ ਜੇਲਾਂ 'ਚੋਂ ਰਿਹਾ ਕਰ ਦਿੱਤਾ ਹੈ।

ਇੰਗਲੈਂਡ ਦੀ ਇੱਕ ਹੋਰ ਹੈਰਾਨ ਕਰ ਦੇਨ ਵਾਲੀ ਸੱਚਾਈ ਇਹ ਵੀ ਹੈ ਕਿ ਸੈਕਸ ਐਬਯੂਜ਼ ਸਿਰਫ਼ ਮਰਦ ਹੀ ਨਹੀਂ ਕਰਦੇ ਬਲਕਿ ਇੱਥੇ 64000 ਤੋਂ ਵੀ ਉੱਤੇ ਦੀ ਗਿਣਤੀ 'ਚ ਔਰਤਾਂ ਹਨ ਜੇਹੜੀਆਂ ਸੈਕਸ-ਅਬਯੂਜ਼ ਦੇ ਜੁਰਮਾਂ 'ਚ ਸ਼ਾਮਿਲ ਹਨ। ਇਹ ਰਿਪੋਰਟ 4 ਅਕਟੂਬਰ 2009 ਦੇ 'ਗਾਰਡੀਅਨ' ਅਖ਼ਬਾਰ ਦੀ ਹੈ।

ਬੱਚਿਆਂ ਨੂੰ ਸ਼ਾਇਦ ਦੁਨੀਆਂ ਭਰ 'ਚ ਸਬ ਤੋਂ ਜ਼ਿਆਦਾ ਖ਼ਤਰਾ ਇੰਗਲੈਂਡ 'ਚ ਹੈ। 'ਐਨ.ਐਸ.ਪੀ.ਸੀ.ਸੀ.' ਦੀ ਜੂਨ 2012 ਦੀ ਇੱਕ ਰਿਸਰਚ ਰਿਪੋਰਟ ਅਨੁਸਾਰ - 2011 'ਚ, ਇੰਗਲੈਂਡ 'ਚ, 11 - 17 ਸਾਲਾਂ ਦੀ ਉਮਰ ਦੇ ਕੁੜੀਆਂ ਮੁੰਡਿਆਂ ਚੋਂ, ਹਰ 6 ਚੋਂ ਇੱਕ ਸੈਕਸ-ਐਬਯੂਜ਼ ਦਾ ਸ਼ਿਕਾਰ ਬਣਿਆ। ਰਿਪੋਰਟ 'ਚ ਇਹ ਵੀ ਕਿਹਾ ਗਿਆ ਕਿ 2010-11 'ਚ ਇੰਗਲੈਂਡ-ਵੇਲਜ਼ ਦੇ 54982 ਬੱਚਿਆਂ ਨਾਲ ਹੋਏ ਸੈਕਸ ਜੁਰਮਾਂ ਚੋਂ 32% ਬੱਚੇ 16 ਸਾਲ ਤੋਂ ਘੱਟ ਉਮਰ ਦੇ ਸਨ। ਅਤੇ ਸਬ ਤੋਂ ਮਾੜੀ ਗੱਲ ਇਹ ਕਿ ਇਸ ਪੜ੍ਹੇ ਲਿਖੇ ਤੇ ਅਮੀਰ ਦੇਸ਼ 'ਚ, ਇਹੋ ਜਿਹਾ ਦੁੱਖ ਭੋਗ ਰਹੇ 25000 ਬੱਚਿਆਂ ਉੱਤੇ ਸਿਰਫ਼ ਇੱਕ ਹੀ ਇਲਾਜ-ਰੂਪੀ ਪ੍ਰੋਗਰਾਮ ਹੈ ਅਤੇ ਬਹੁਤ ਸਾਰੇ ਕਈ ਖੇਤਰਾਂ ਵਿੱਚ ਤਾਂ ਇਹੋ ਜਿਹਾ ਇੱਕ ਵੀ ਪ੍ਰੋਗਰਾਮ ਨਹੀਂ ਹੈ।

ਜੇ ਕਰ ਇੰਗਲੈਂਡ ਦੇ ਸਕੂਲਾਂ ਦੀ ਗੱਲ ਕਰੀਏ, ਤਾਂ ਬੱਚਿਆਂ ਦੀ ਹਾਲਤ ਹੋਰ ਵੀ ਨਾਜ਼ੁਕ ਹੈ। 'ਆਈ.ਬੀ.ਬੀ. ਸਾਲੀਸਟਰਜ਼' ਦੀ ਵੈਬਸਾਈਟ ਅਨੁਸਾਰ - 2008 - 11 ਵਿਚਕਾਰ, ਸਕੂਲਾਂ 'ਚ ਸੈਕਸ ਤੇ ਸਾਰੀਰਿਕ ਐਬਯੂਜ਼ ਦੇ 9048 ਕੇਸ ਦਰਜ ਹੋਏ, ਅਤੇ 1355 ਟੀਚਰਾਂ ਤੇ ਸਕੂਲ ਸਟਾਫ਼ ਨੂੰ ਸਸਪੈਂਡ ਕੀਤਾ ਗਿਆ ਤੇ 866 ਨੂੰ ਡਿਸਮਿੱਸ।

2 ਅਕਟੂਬਰ 2012 ਦੀ ਆਨਲਾਈਨ 'ਮੇਲ' ਅਖ਼ਬਾਰ ਨੇ ਲਿਖਿਆ 'ਇੱਕ ਸਕੂਲ 'ਚ, ਸਕੂਲ ਸਮੇਂ 'ਚ, ਸਕੂਲ ਦੀ ਇੱਕ ਕਲਾਸ 'ਚ, ਤਿੰਨ ਮੁੰਡਿਆਂ ਨੇ ਆਪਣੇ ਹੀ ਇੱਕ ਸਾਥੀ ਨਾਲ ਰੇਪ ਕੀਤਾ। ਇਹ ਸਭ ਉਹਨਾਂ ਨੇ ਇੱਕ ਸੈਕਸ ਫ਼ਿਲਮ ਦੇਖਣ ਤੋਂ ਬਾਅਦ ਕੀਤਾ।

ਹਾਲ ਹੀ ਦੀ ਇੱਕ ਹੋਰ ਖ਼ਬਰ ਅਨੁਸਾਰ, ਇੱਕ 63 ਸਾਲਾ ਚਰਚ-ਮਨਿਸਟਰ, ਜਿਹੜਾ ਪਹਿਲਾਂ ਸੈਂਟ ਅਮਬਰੋਸ ਕਾਲੇਜ 'ਚ ਟੀਚਰ ਸੀ, ਨੇ ਆਪਣੇ ਅਧਿਆਪਣ-ਕਾਲ 'ਚ ਬਹੁਤ ਹੀ ਬੱਚਿਆਂ ਦਾ ਸੈਕਸ ਸ਼ੋਸ਼ਣ ਕੀਤਾ। ਸਕੂਲ ਵਿੱਚ ਹੀ ਨਹੀਂ ਬਲਕਿ ਹੋਰਨਾਂ ਟੀਚਰਾਂ ਦੇ ਘਰਾਂ 'ਚ ਐਕਸਟਰਾ ਪੜ੍ਹਾਈ ਕਰਾਉਣ ਦੇ ਬਹਾਨੇ ਬੁਲਾ ਕੀ ਵੀ ਉਹਨਾਂ ਨਾਲ ਭੈੜੇ ਕੰਮ ਕੀਤੇ। ਇਹ ਖ਼ਬਰ 'ਮਾਨਚੈਸਟਰ ਈਵਨੀਂਗ ਨਿਊਜ਼' 5 ਦਿਸੰਬਰ ਦੀ ਹੈ।

ਬੀ.ਬੀ.ਸੀ. ਦੀ 21 ਨਵੰਬਰ 2012 ਨੇ ਆਪਣੀ ਵੈਬਸਾਈਟ ਤੇ ਲਿਖਿਆ ਹੈ ਕਿ ਇੰਗਲੈਂਡ 'ਚ ਹਰ ਸਾਲ ਕਈ ਗੈਂਗ ਤੇ ਗਰੁੱਪ ਹਜ਼ਾਰਾਂ ਬੱਚਿਆਂ ਦਾ ਸੈਕਸ ਸ਼ੋਸ਼ਨ ਕਰਦੇ ਹਨ। ਆਫ਼ਿਸ ਆਫ਼ ਚਿਲਡਰਨ ਕਮੀਸ਼ਨ ਨੇ ਆਪਣੀ ਰਿਪੋਰਟ 'ਚ ਇਹੋ ਜਿਹੇ 2409 ਬੱਚਿਆਂ ਦੀ ਗੱਲ ਕੀਤੀ ਹੈ। ਪਰ ਅਸਲੀ ਗਿਣਤੀ ਇਸ ਤੋਂ ਕਿਤੇ ਜ਼ਿਆਦਾ ਹੈ। ਰਿਪੋਰਟ ਇਹ ਵੀ ਕਹਿੰਦੀ ਹੈ ਕਿ 16500 ਬੱਚੇ ਸੈਕਸ ਸ਼ੋਸ਼ਨ ਦੇ ਬਹੁਤ ਜ਼ਿਆਦਾ ਖ਼ਤਰੇ 'ਚ ਹਨ।

ਇੱਕ 51 ਸਾਲਾ ਗੋਰੇ ਟੀਚਰ ਨੂੰ ਗਿਰਫ਼ਤਾਰ ਕੀਤਾ ਗਿਆ ਜਿਸਨੇ ਪਤਾ ਨਹੀਂ 6 ਸਾਲ ਤੇ ਉਸ ਤੋਂ ਜ਼ਿਆਦਾ ਦੀ ਉਮਰ ਦੀਆਂ ਕਿੰਨੀਆਂ ਹੀ ਕੁੜੀਆਂ ਨੂੰ ਆਪਣਾ ਸ਼ਿਕਾਰ ਬਣਾਇਆ। ਇੰਨਾ ਹੀ ਨਹੀਂ, ਉਸਨੇ ਉਹਨਾਂ ਬੱਚੀਆਂ ਨਾਲ ਆਪਣੇ ਕੁਕਰਮ ਦੀਆਂ ਫ਼ਿਲਮਾਂ ਵੀ ਬਣਾਈਆਂ। ਉਸ ਦੇ ਕੰਪਿਊਟਰ 'ਚੋਂ 30,000 ਤੋਂ ਵੀ ਜ਼ਿਆਦਾ ਗੰਦੀਆਂ ਤਸਵੀਰਾਂ ਬਰਾਮਦ ਹੋਈਆਂ।(26 ਜਨਵਰੀ 2012 ਵੈਬਸਾਈਟ ਬੀ.ਬੀ.ਸੀ)।

ਇਸ ਗੱਲ 'ਚ ਕੋਈ ਵੀ ਸ਼ੱਕ ਨਹੀਂ ਕਿ ਤੱਰਕੀ ਯਾਫ਼ਤਾ ਦੁਨੀਆਂ ਦੇ ਮੁਲਕਾਂ 'ਚ ਇੰਗਲੈਂਡ ਸੈਕਸੁਅਲੀ ਇੱਕ ਬਿਮਾਰ ਮਾਨਸਿਕਤਾ ਵਾਲਾ ਦੇਸ਼ ਹੈ। ਆਮ ਆਦਮੀ ਹੀ ਨਹੀਂ, ਉੱਚੇ ਉਹਦਿਆਂ ਤੇ ਬੈਠੇ ਲੋਕ ਤੇ ਕਈ ਨਾਮੀ-ਗਿਰਮੀ ਹਸਤੀਆਂ ਵੀ ਸੈਕਸ ਦੀਆਂ ਭੁੱਖੀਆਂ ਹਨ ਤੇ ਜੁਰਮ ਕਰਦੀਆਂ ਹਨ ਜਿਸ ਤਰਾਂ ਕਿ ਬੀ.ਬੀ.ਸੀ. ਦਾ ਮਸ਼ਹੂਰ ਐਂਕਰ ਜਾਨ ਸੈਵਿਲੇ, ਮਸ਼ਹੂਰ ਕਾਮੇਡਿਅਨ ਜਿਮ ਡੇਵਿਡਸਨ, ਟੋਰੀ ਐੱਮ.ਪੀ. ਜਿਸ ਦਾ ਨਾਮ ਨਹੀਂ ਦਿੱਤਾ ਜਾ ਰਿਹਾ, ਚਰਚ ਦੇ ਮਨਿਸਟਰਾਂ ਤੋਂ ਲੈ ਕੇ ਟੀਚਰਾਂ ਤੱਕ, ਪੁਲੀਸ ਅਫ਼ਸਰਾਂ ਤੋਂ ਲੈਕੇ ਡਾਕਟਰਾਂ ਤਕ, ਸਮਾਜ ਦਾ ਹਰ ਵਰਗ ਹੀ ਸੈਕਸ ਦੇ ਜੁਰਮਾਂ 'ਚ ਲਿੱਬੜਿਆ ਜਾਪਦਾ ਹੈ।

ਅਮਰੀਕਾ ਤੇ ਸਾਊਥ ਅਫ਼ਰੀਕਾ 'ਚ ਦੋ-ਦੋ ਲੱਖ ਰੇਪ ਤੇ ਸੈਕਸ ਐਬਯੂਸ ਦੀਆਂ ਦੁਰਘਟਨਾਵਾਂ ਹਰ ਸਾਲ ਹੋ ਰਹੀਆਂ ਹਨ, ਆਸਟ੍ਰੇਲੀਆਂ ਤੇ ਇੰਗਲੈਂਡ ਵਰਗੇ ਘੱਟ ਅਬਾਦੀ ਵਾਲੇ ਮੁਲਕਾਂ 'ਚ ਵੀ 15 - 20000 ਐਸੀਆਂ ਮੰਦੀਆਂ ਘਟਨਾਵਾਂ ਵਾਪਰ ਰਹੀਆਂ ਹਨ, ਸਾਰੇ ਯੂਰੋਪ 'ਚ ਹਰ ਸਾਲ ਕਈ ਕਈ ਹਜ਼ਾਰ ਰੇਪ ਹੋ ਜਾਂਦੇ ਹਨ, ਕਦੇ ਸੋਚਿਐ ਕਿਉਂ? ਕਿਉਂਕਿ ਇਹ ਗੰਦੀ ਮਾਨਸਿਕਤਾ ਵਾਲੇ ਲੋਕਾਂ ਦਾ ਕੰਮ ਹੈ। ਇਹ ਆਕੜੇ ਬਹੁਤ ਹੀ ਘੱਟ ਹਨ ਕਿਉਂਕਿ ਜਿਸ ਤਰਾਂ ਮੈਂ ਉੱਤੇ ਲਿਖਿਆ ਹੈ ਇੰਗਲੈਂਡ ਵਰਗੇ ਪੜ੍ਹੇਲਿਖੇ ਤੇ ਫ਼ਰੀ ਦੇਸ਼ 'ਚ ਵੀ 55 - 60 ਪ੍ਰਤੀਸ਼ਤ ਕੇਸ ਇੱਜ਼ਤ ਖ਼ਾਤਿਰ ਰਿਪੋਰਟ ਨਹੀਂ ਕੀਤੇ ਜਾਂਦੇ। ਸਾਰੀ ਦੁਨੀਆਂ ਦਾ ਇਹੋ ਹਾਲ ਹੈ।

ਮੈਂ ਤਾਂ ਇੱਥੋਂ ਤੀਕ ਵੀ ਕਹਾਂਗਾ ਕਿ ਜੇ ਕਰ ਕਿਤੇ ਭਾਰਤ 'ਚ ਕੋਈ ਟੀਚਰ ਆਪਣੇ ਸਟੂਡੈਂਟ ਦਾ ਸੈਕਸ-ਐਬਯੂਸ ਕਰਦਾ ਹੈ ਤਾਂ ਪੁਲੀਸ ਦੇ ਪਹੁੰਚਣ ਤੋਂ ਪਹਿਲਾਂ ਲੋਕੀ ਹੀ ਉਸ ਨੂੰ ਮਾਰ ਮਾਰ ਕੇ ਅਧਮੋਇਆ ਕਰ ਦਿੰਦੇ ਹਨ ਪਰ ਇਹਨਾਂ ਦੇਸਾਂ ਵਿੱਚ ਤਾਂ ਐਸੇ ਟੀਚਰਾਂ ਦੀ ਫ਼ੋਟੋ ਵੀ ਨਹੀਂ ਵਿਖਾਈ ਜਾਂਦੀ, ਪ੍ਰਾਈਵੇਸੀ ਦੇ ਨਾਮ ਤੇ ਪਬਲਿਕ ਨੂੰ ਗੁਮਰਾਹ ਰੱਖਿਆ ਜਾਂਦਾ ਹੈ ਤੇ ਕਈ ਤਾਂ ਦੁਬਾਰਾ ਫਿਰ ਟੀਚਰੀ ਦੀ ਨੌਕਰੀ ਵੀ ਲੈ ਲੈਂਦੇ ਹਣ। ਸਜ਼ਾ ਵੀ ਇੱਥੇ ਬਹੁਤ ਘੱਟ ਹੈ।

ਦੁਨੀਆਂ ਦੇ ਗਰੀਬ ਮੁਲਕਾਂ 'ਚ ਜਦ ਵੀ ਕਦੇ ਕੋਈ ਘਟਨਾ ਵਾਪਰਦੀ ਹੈ ਤਾਂ ਪੱਛਮੀ ਦੇਸ਼ਾ ਦਾ ਅਮੀਰ ਮੀਡੀਆ ਬੜੀਆਂ ਖ਼ਬਰਾਂ ਦਿੰਦਾ ਹੈ ਜਦ ਕਿ ਯੂ.ਕੇ. ਸਮੇਤ ਬੜੇ ਹੀ ਪੱਛਮੀ ਦੇਸ਼ਾਂ ਦੀ ਹਾਲਤ ਗਰੀਬ ਦੇਸਾਂ ਨਾਲੋ ਇਹਨਾਂ ਜੁਰਮਾਂ 'ਚ ਕਿਤੇ ਜ਼ਿਆਦਾ ਮਾੜੀ ਹੈ। ਯੂ.ਕੇ ਦੀ ਅਬਾਦੀ ਅਮਰੀਕਾ ਤੋਂ 5 ਗੁਨਾ ਤੇ ਭਾਰਤ ਤੋਂ 22 ਗੁਨਾ ਘੱਟ ਹੈ, ਫਿਰ ਵੀ ਇੰਨੇ ਜ਼ਿਆਦਾ ਜੁਰਮ ਇੱਥੇ ਹੁੰਦੇ ਹਨ ਕਿ ਜੇ ਕਰ ਪ੍ਰਤਿਸ਼ਤ ਦੇ ਹਿਸਾਬ ਨਾਲ ਵੇਖਿਆ ਜਾਵੇ ਤਾਂ ਇਹ ਦੂਜੇ ਮੁਲਕਾਂ ਨਾਲੋਂ ਕਿਤੇ ਜ਼ਿਆਦਾ ਹਨ।ਇੱਥੋਂ ਦੇ ਸਮਾਜ ਤੇ ਸਰਕਾਰ ਦੋਹਾਂ ਨੂੰ ਮਿਲ ਕੇ ਐਸੇ ਪ੍ਰੋਗਰਾਮ ਉਲੀਕਣੇ ਚਾਹੀਦੇ ਹਨ ਕਿ ਦੇਸ਼ 'ਚੋਂ ਇਸ ਰੇਪ ਤੇ ਸੈਕਸ'ਐਬਯੂਜ਼ ਦੀ ਬਿਮਾਰੀ ਦਾ ਸਫ਼ਾਇਆ ਹੋ ਸਕੇ। ਰੇਪ ਇੱਕ ਬਹੁਤ ਘਿਰਣਾ ਯੋਗ ਅਪਰਾਧ ਹੀ ਨਹੀਂ ਬਲਕਿ ਪੜ੍ਹੇ-ਲਿਖੇ ਤੇ ਸੱਭਿਅ ਕਹਾਉਣ ਵਾਲੇ ਸਮਾਜਾਂ ਦੇ ਮੱਥੇ ਤੇ ਕਲੰਕ ਹੈ। ਅਸੀਂ ਸਾਰੇ ਇਹ ਤਾਂ ਰੋਲਾ ਪਾਂਉਂਦੇ ਹਾਂ ਕਿ ਭਾਰਤ 'ਚ ਅਨਪੜ੍ਹ ਤੇ ਭਰਸ਼ਟਾਚਾਰੀ ਲੋਕ ਬਹੁਤ ਹਨ ਇਸ ਲਈ ਇਸ ਤਰਾਂ ਦੇ ਹਾਦਸੇ ਵਾਪਰ ਜਾਂਦੇ ਹਨ, ਪਰ ਇੰਗਲੈਂਡ ਤੇ ਅਮਰੀਕਾ ਵਰਗੇ ਆਪਣੇ ਆਪ ਨੂੰ ਪੜ੍ਹਾ ਲਿਖਿਆ, ਸਭਿਅ, ਅਮੀਰ ਤੇ ਇਮਾਨਦਾਰ ਕਹਾਉਣ ਵਾਲੇ ਸਮਾਜ ਦੇ ਲੋਕ ਇੰਨੇ ਸ਼ਰਮਨਾਕ ਜੁਰਮ ਕਿਉ ਕਰਦੇ ਹਨ ਮੈਂਨੂੰ ਸਮਝ ਨਹੀਂ ਆਉਂਦਾ। ਅੱਜ ਆਪਾਂ ਸਾਰੇ ਇਸ ਦੇਸ ਦੇ ਨਾਗਰਿਕ ਹਾਂ ਅਤੇ ਸਾਡੇ ਵੀ ਇਸ ਵੱਲ ਬਹੁਤ ਫ਼ਰਜ਼ ਹਨ।ਦੂਜੇ ਮੁਲਕਾਂ ਦੇ ਜੁਰਮਾਂ ਨੂੰ ਗਿਨਾ ਕੇ ਅਸੀਂ ਆਪਣੇ ਮੁਲਕ ਦੀਆਂ ਗਲਤੀਆਂ ਨੂੰ ਨਹੀਂ ਲੁਕੋ ਸਕਦੇ। ਸੈਕਸ ਤੇ ਰੇਪ ਇਸ ਦੇਸ ਵਿੱਚ ਇੱਕ ਬਹੁਤ ਹੀ ਜ਼ਰੂਰੀ ਮਸਲਾ ਬਣ ਚੁੱਕੇ ਹਨ, ਜਿਸ ਉੱਤੇ ਸਾਨੂੰ ਸਭ ਨੂੰ ਪੂਰੀ ਇਮਾਨਦਾਰੀ ਨਾਲ ਸੋਚਣ ਦੀ ਲੋੜ ਹੈ ਅਤੇ ਆਪਣੇ ਬੱਚਿਆਂ ਨੂੰ ਜਾਗਰੂਕ ਕਰਣ ਦੀ ਵੀ ਜ਼ਰੂਰਤ ਹੈ ਤਾਕਿ ਸਕੂਲ ਵਿੱਚ ਕਦੇ ਕੋਈ ਟੀਚਰ ਉਹਨਾਂ ਨਾਲ ਦੁਰਵਿਵਹਾਰ ਨਾ ਕਰ ਸਕੇ।

**(Ref. & Sources: BBC, The Telegraph, The Guardian, The Independent, The Mail, US Dept of Health & Human Services, UN Rape Statistics Report 2010, US Department of State and Justice; NSPCC, UK, IBB Solicitors & Wikipedia websites)**